ਕੇਂਦਰੀ ਵਿਦੇਸ਼ ਅਤੇ ਕੱਪੜਾ ਰਾਜ ਮੰਤਰੀ ਸ਼੍ਰੀ ਪਬਿਤਰਾ ਮਾਰਗੇਰੀਟਾ ਦਾ ਸਮੋਆ ਦੇ ਸੁਤੰਤਰ ਰਾਜ, ਕੁੱਕ ਆਈਲੈਂਡ ਅਤੇ ਨਾਓਰੋ ਗਣਰਾਜ ਦਾ ਦੌਰਾ (16-22 ਅਕਤੂਬਰ, 2026)

ਸ਼੍ਰੀ ਪਬਿਤਰਾ ਮਾਰਗੇਰੀਟਾ, ਵਿਦੇਸ਼ ਮਾਮਲਿਆਂ ਅਤੇ ਕੱਪੜਾ ਰਾਜ ਮੰਤਰੀ [ਐਮਓਐਸ (ਪੀਐਮ)], 16-22 ਅਕਤੂਬਰ, 2026 ਤੱਕ ਸਮੋਆ ਦੇ ਸੁਤੰਤਰ ਰਾਜ, ਕੁੱਕ ਆਈਲੈਂਡ ਅਤੇ ਨਾਓਰੋ ਗਣਰਾਜ ਦਾ ਅਧਿਕਾਰਤ ਦੌਰਾ ਕਰਨਗੇ।

2. ਇਸ ਦੌਰੇ ਦੌਰਾਨ, ਐਮਓਐਸ (ਪੀਐਮ) ਵੱਲੋਂ ਤਿੰਨ ਪ੍ਰਸ਼ਾਂਤ ਟਾਪੂ ਦੇਸ਼ਾਂ ਦੀ ਸੀਨੀਅਰ ਲੀਡਰਸ਼ਿਪ ਨਾਲ ਦੁਵੱਲੀਆਂ ਬੈਠਕਾਂ ਕਰਨ, ਹੋਰ ਮੁੱਖ ਹਿੱਸੇਦਾਰਾਂ ਅਤੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦੀ ਉਮੀਦ ਹੈ। ਉਹ ਇਸ ਖੇਤਰ ਵਿੱਚ ਭਾਰਤੀ ਸਹਾਇਤਾ ਪ੍ਰਾਪਤ ਵਿਕਾਸ ਪ੍ਰੋਜੈਕਟਾਂ ਦਾ ਵੀ ਦੌਰਾ ਕਰਨਗੇ।

3. ਇਹ ਦੌਰਾ ਭਾਰਤ-ਪ੍ਰਸ਼ਾਂਤ ਟਾਪੂ ਸਹਿਯੋਗ (ਐਫਆਈਪੀਆਈਸੀ) ਫੋਰਮ ਦੇ ਤਹਿਤ ਪ੍ਰਸ਼ਾਂਤ ਟਾਪੂ ਦੇਸ਼ਾਂ ਨਾਲ ਆਪਣੀ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਇਸ ਖੇਤਰ ਨਾਲ ਰਾਜਨੀਤਿਕ ਸ਼ਮੂਲੀਅਤ ਅਤੇ ਵਿਕਾਸ ਸੰਬੰਧੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਮਈ, 2023 ਵਿੱਚ ਪੋਰਟ ਮੋਰੇਸਬੀ ਵਿਖੇ ਆਯੋਜਿਤ ਤੀਜੇ ਐਫਆਈਪੀਆਈਸੀ ਸੰਮੇਲਨ ਦੀ ਗਤੀ ਨੂੰ ਹੋਰ ਅੱਗੇ ਵਧਾਉਂਦਾ ਹੈ।

ਨਵੀਂ ਦਿੱਲੀ,

13 ਅਕਤੂਬਰ, 2026